**ਦਫਤਰ ਡਾਇਰੈਕਟਰ ਸਿੱਖਿਆ ਵਿਭਾਗ (ਸੈਸਿ) ਪੰਜਾਬ ਚੰਡੀਗੜ੍ਹ ।**
**(ਸੇਵਾਵਾ-1 ਸਾਖਾ)**

ਸੇਵਾ ਵਿਖੇ,

ਪੰਜਾਬ ਰਾਜ ਦੇ ਸਮੂਹ ਮੰਡਲ/
ਜਿਲ੍ਹਾ ਸਿੱਖਿਆ ਅਫਸਰ (ਸੈ:ਸਿ)

ਮੀਮੋ ਨੰ: 3/38-11ਸੇ1(4)
ਮਿਤੀ ਚੰਡੀਗੜ੍ਹ: 28.03.2011

ਵਿਸਾ ਪੀ.ਈ.ਐਸ (ਸਕੂਲ ਤੇ ਇੰਨਸਪੈਕਸਨ) ਗਰੁੱਪ "ਏ" ਵਿੱਚ ਤਰੱਕੀਆਂ ਕਰਨ ਲਈ ਨਾ ਉਪਲੱਭਦ ਹੋ ਰਹੇ ਲੈਕਚਰਾਰਾਂ ਬਾਰੇ ਸੂਚਨਾ ਦੇਣ ਬਾਰੇ।

ਉਪਰੋਕਤ ਵਿਸੇ ਦੇ ਸਬੰਧ ਵਿੱਚ ਪੀ.ਈ.ਐਸ. (ਸਕੂਲ ਤੇ ਇਨਸਪੈਕਸਨ) ਗਰੁਪ "ਏ" ਵਿੱਚ ਤਰੱਕੀਆਂ ਕਰਨ ਲਈ ਲੈਕਚਰਾਰ ਕਾਡਰ (ਪੁਰਸ /ਇਸਤਰੀਆਂ) ਦੇ ਕੇਸ ਵਿਭਾਗ ਦੇ ਵਿਚਾਰ ਅਧੀਨ ਹਨ। ਇਹਨਾਂ ਵਿਚੋਂ ਨਾਲ ਨੱਥੀ ਲਿਸਟ ਵਾਲੇ ਕੇਸਾਂ ਸਬੰਧੀ ਦੱਸਿਆ ਜਾਂਦਾ ਹੈ ਕਿ ਇਹਨਾਂ ਦੇ ਕੇਸ ਪ੍ਰਾਪਤ ਨਹੀਂ ਹੋਏ ਪਰ ਇਹਨਾਂ ਲੈਕਚਰਾਰਾਂ ਦੇ ਨਾਮ ਸੀਨੀਆਰਤਾ ਸੂਚੀ ਵਿੱਚ ਦਰਜ ਹਨ। ਇਹ ਸੰਭਾਵਨਾ ਹੋ ਸਕਦੀ ਹੈ ਕਿ ਇਹ ਲੈਕਚਰਾਰ ਨੌਕਰੀ ਛੱਡ ਗਏ ਹੋਣ, ਰਿਟਾਇਰਮੈਂਟ ਲੈ ਲਈ ਹੋਵੇ, ਮੌਤ ਹੋ ਗਈ ਹੋਵੇ, ਲੰਬੀ ਛੁੱਟੀ ਜਾਂ ਗੈਰ ਹਾਜਰ ਹੋਣ, ਜਾਂ ਡੈਪੁਟੇਸਨ ਤੇ ਹੋਣ।

ਇਸ ਸਬੰਧੀ ਅੱਜ ਹੀ ਇਸ ਦਫਤਰ ਨੂੰ ਇਨ੍ਹਾਂ ਲੈਕਚਰਾਰਾਂ ਬਾਰੇ ਸਵੈ-ਸਪਸਟ ਰਿਪੋਰਟ ਭੇਜੀ ਜਾਵੇ ਕਿ ਇਹ ਕਰਮਚਾਰੀ ਇਸ ਸਮੇਂ ਕਿਸ ਸਕੂਲ ਵਿੱਚ ਕੰਮ ਕਰ ਰਹੇ ਹਨ ਜਾਂ ਕਿਸੇ ਵੀ ਸਕੂਲ ਵਿੱਚ ਕੰਮ ਨਹੀਂ ਕਰਦੇ। ਜੇਕਰ ਕਿਸੇ ਦਾ ਕੋਈ ਕਲੇਮ ਬਣਦਾ ਹੈ ਤਾਂ ਉਹ ਡਾਇਰੈਕਟਰ ਦੇ ਫੋਨ ਨੰ: 0172-2702169 ਤੇ ਤੁਰੰਤ ਸੰਪਰਕ ਕਰਨ ਅਤੇ ਸਬੰਧਤ ਕਰਮਚਾਰੀ ਦਾ ਕੇਸ ਤੁਰੰਤ ਵਿਸੇਸ ਦੂਤ ਰਾਹੀਂ ਅੱਜ ਹੀ ਭੇਜਿਆ ਜਾਵੇ। **ਇਸ ਨੂੰ ਪਬਲਿਕ ਨੋਟਿਸ ਸਮਝਿਆ ਜਾਵੇ।**

ਰਜਿਸਟਰਾਰ ਸਿੱਖਿਆ ਵਿਭਾਗ

ਪਿਠ ਅੰਕਣ ਨੰ: ਉਕਤ ਮਿਤੀ ਚੰਡੀਗੜ੍ਹ: 28.03.2011

ਉਤਾਰਾ ਪੰਜਾਬ ਰਾਜ ਦੇ ਸਮੂਹ ਪ੍ਰਿੰਸੀਪਲ ਸਰਕਾਰੀ ਸੀਨੀਅਰ ਸੈਕੰਡਰੀ ਸਕੂਲਾਂ ਨੂੰ ਭੇਜ ਕੇ ਲਿਖਿਆ ਜਾਂਦਾ ਹੈ ਕਿ ਇਨ੍ਹਾਂ ਲੈਕਚਰਾਰਾਂ ਬਾਰੇ ਰਿਪੋਰਟ ਤੁਰੰਤ ਸਬੰਧਤ ਜਿਲ੍ਹਾ ਸਿੱਖਿਆ ਅਫਸਰ ਰਾਹੀਂ ਭੇਜੀ ਜਾਵੇ।

ਰਜਿਸਟਰਾਰ ਸਿੱਖਿਆ ਵਿਭਾਗ